# United States confers 'Legion of Merit' award on Prime Minister NarendraModi

December 21, 2020

.......................................................................................................................................

## ਸੰਯੁਕਤ ਰਾਜ ਅਮਰੀਕਾ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਲੀਜੀਅਨ ਆਫ ਮੈਰਿਟ' ਸਨਮਾਨ

21 ਦਸੰਬਰ, 2020

ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਨੇ 21 ਦਸੰਬਰ, 2020 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਭ ਤੋਂ ਵੱਡੇ ਸਨਮਾਨ ਦਿ ਲੀਜੀਅਨ ਆਫ਼ ਮੈਰਿਟ, ਡਿਗਰੀ ਚੀਫ ਕਮਾਂਡਰ ਨਾਲ ਸਨਮਾਨਿਤ ਕੀਤਾ। ਇਹ ਸਨਮਾਨ ਪ੍ਰਧਾਨ ਮੰਤਰੀ ਨੂੰ ਭਾਰਤ ਦੇ ਆਲਮੀ ਤਾਕਤ ਵਜੋਂ ਉਭਰਨ ਅਤੇ ਉਨ੍ਹਾਂ ਵੱਲੋਂ ਭਾਰਤ- ਅਮਰੀਕਾ ਰਣਨੀਤਿਕ ਭਾਈਵਾਲੀ ਅਤੇ ਅੰਤਰਰਾਸ਼ਟਰੀ ਸ਼ਾਂਤੀ ਅਤੇ ਖੁਸ਼ਹਾਲੀ ਨੂੰ ਅੱਗੇ ਵਧਾਉਣ ਵਿੱਚ ਪਾਏ ਗਏ ਉੱਤਮ ਯੋਗਦਾਨ ਲਈ ਦਿੱਤਾ ਗਿਆ ਹੈ।

ਚੀਫ ਕਮਾਂਡਰ ਦੀ ਸਰਬੋਤਮ ਡਿਗਰੀ "ਦ ਲੀਜੀਅਨ ਆਫ ਮੈਰਿਟ" ਇੱਕ ਵੱਕਾਰੀ ਸਨਮਾਨ ਹੈ ਜੋ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਦੁਆਰਾ ਖ਼ਾਸਕਰ ਹੋਰਨਾਂ ਦੇਸ਼ਾਂ ਦੇ ਮੁਖੀਆਂ ਜਾਂ ਹੋਰਨਾਂ ਸਰਕਾਰਾਂ ਦੇ ਮੁਖੀਆਂ ਨੂੰ ਦਿੱਤਾ ਜਾਂਦਾ ਹੈ।

ਪ੍ਰਧਾਨ ਮੰਤਰੀ ਦੀ ਤਰਫੋਂ ਇਹ ਪੁਰਸਕਾਰ ਸੰਯੁਕਤ ਰਾਜ ਅਮਰੀਕਾ ਵਿਖੇ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਹਾਸਿਲ ਕੀਤਾ। ਇਸ ਸਮਾਰੋਹ ਦੌਰਾਨ ਆਸਟਰੇਲੀਆਈ ਪ੍ਰਧਾਨ ਮੰਤਰੀ ਸਕਾਟ ਮੌਰਿਸਨ ਅਤੇ ਜਾਪਾਨ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਨੂੰ ਵੀ ਦਿ ਲੀਜੀਅਨ ਆਫ ਮੈਰਿਟ, ਡਿਗਰੀ ਚੀਫ ਕਮਾਂਡਰ ਨਾਲ ਸਨਮਾਨਿਤ ਕੀਤਾ ਗਿਆ।

ਨਵੀਂ ਦਿੱਲੀ
21 ਦਸੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.